# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ),
ਪੰਜਾਬ।

ਮੀਮੋ ਨੰ: 4/27-SSA Plng/AWP&B 2010-11/55855-55874 ਮਿਤੀ, ਚੰਡੀਗੜ੍ਹ: 01.09.2010

**ਵਿਸ਼ਾ: ਸਾਲ 2009-10 ਤੱਕ ਦੀ ਅਣਵਰਤੀ ਸਕੂਲ ਅਤੇ ਰਿਪੇਅਰ/ਮੇਨਟੇਨੈਂਸ ਗਰਾਂਟ ਬਾਰੇ ਗਾਈਡਲਾਈਨਜ਼।**

1.0 ਮਹੀਨਾਵਾਰ ਰਿਵਿਊ ਮੀਟਿੰਗ ਦੌਰਾਨ ਕਈ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਇਹ ਸੂਚਿਤ ਕੀਤਾ ਗਿਆ ਕਿ ਕੁੱਝ ਸਕੂਲ ਬੰਦ ਰਹਿਣ ਕਾਰਨ ਉਨ੍ਹਾਂ ਸਕੂਲਾਂ ਦੀ ਸਕੂਲ ਅਤੇ ਰਿਪੇਅਰ/ਮੇਨਟੇਨੈਂਸ ਗਰਾਂਟ ਅਣਵਰਤੀ ਪਈ ਹੈ।

2.0 ਮੀਟਿੰਗ ਦੌਰਾਨ ਇਹ ਵੀ ਧਿਆਨ ਵਿਚ ਲਿਆਇਆ ਗਿਆ ਸੀ ਕਿ ਅਜੇ ਵੀ ਕਈ ਸਕੂਲ ਅਜਿਹੇ ਹਨ ਜਿੱਥੇ ਟੁਆਇਲੈਟਸ ਠੀਕ ਤਰ੍ਹਾਂ ਕੰਮ ਨਹੀਂ ਕਰ ਰਹੇ ਅਤੇ ਪੀਣ ਦੇ ਪਾਣੀ ਦੀ ਸੁਵਿਧਾ ਵੀ ਉਪਲਬੱਧ ਨਹੀਂ ਹੈ। ਨਾਲ ਹੀ ਇਹ ਵੀ ਦੱਸਿਆ ਗਿਆ ਕਿ ਸਕੂਲਾਂ ਵਿਚ ਪਾਣੀ ਦੀਆਂ ਪਾਈਪਾਂ, ਸੀਵਰੇਜ ਟੈਂਕ, ਸੈਪਟਿਕ ਟੈਂਕ ਜਾਂ ਸੀਵਰ ਪਾਈਪਜ਼ ਦੇ ਬਦਲ ਜਾਣ ਦੀ ਲੋੜ ਹੈ।

3.0 ਇਸ ਸਬੰਧ ਵਿਚ ਆਪ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਾਲ 2009-10 ਤੱਕ ਦੀ ਅਜਿਹੀ ਅਣਵਰਤੀ 'ਸਕੂਲ' ਅਤੇ 'ਰਿਪੇਅਰ/ਮੇਨਟੇਨੈਂਸ' ਗਰਾਂਟ ਨੂੰ ਸਕੂਲਾਂ ਦੇ ਟੁਆਇਲੈਟਸ ਜਾਂ ਪੀਣ ਦੇ ਪਾਣੀ ਦੀ ਸੁਵਿਧਾ ਨੂੰ ਵਰਤਣਸ਼ੀਲ ਬਣਾਉਣ ਅਤੇ ਅਜਿਹੀਆਂ ਕੋਈ ਹੋਰ ਵਿਸ਼ੇਸ਼ ਲੋੜਾਂ ਨੂੰ ਪੂਰਾ ਕਰਨ ਹਿੱਤ ਵਰਤ ਲਿਆ ਜਾਵੇ।

4.0 ਅਜਿਹੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਦੀ ਲਿਸਟ ਅਤੇ ਲੋੜੀਂਦੇ ਫੰਡਾਂ ਦੀ ਸੂਚਨਾ ਸਕੂਲ ਮੁੱਖੀਆਂ ਤੋਂ ਲੈ ਲਈ ਜਾਵੇ। ਲੋੜੀਂਦੇ ਫੰਡਜ਼ ਸਕੂਲ ਮੁੱਖੀਆਂ ਨੂੰ ਜਾਰੀ ਕਰ ਦਿੱਤੇ ਜਾਣ। ਇਸ ਪੂਰੇ ਮਸਲੇ ਵਿਚ/ਲਈ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨੂੰ ਵੀ consult ਕਰ ਲਿਆ ਜਾਵੇ।

5.0 ਸਕੂਲਾਂ ਨੂੰ ਫੰਡਜ਼ ਜਾਰੀ ਕਰਨ ਸਮੇਂ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਜਾਰੀ ਕੀਤੇ ਜਾਣ ਵਾਲੇ ਫੰਡਜ਼ ਸਕੂਲਾਂ ਦੀ ਲੋੜ ਦੇ ਉਪਯੁਕਤ ਹੋਣ ਅਤੇ ਫੰਡਾਂ ਦੀ ਦੁਰਵਰਤੋਂ ਵੀ ਨਾ ਹੋਵੇ।

6.0 ਪ੍ਰਾਇਮਰੀ ਸਕੂਲਾਂ ਲਈ ਵੱਧ ਤੋਂ ਵੱਧ 5,000/- ਰੁਪਏ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਲਈ ਵੱਧ ਤੋਂ ਵੱਧ 7,000/- ਰੁਪਏ ਤੱਕ ਦੀ ਗਰਾਂਟ ਜਾਰੀ ਕੀਤੀ ਜਾ ਸਕਦੀ ਹੈ।

7.0 ਇਨ੍ਹਾਂ ਗਰਾਂਟਾਂ ਦੀ ਉਚਿਤ ਵਰਤੋਂ ਕਰਕੇ ਵਰਤੋਂ ਸਰਟੀਫਿਕੇਟ ਇਸ ਦਫ਼ਤਰ ਨੂੰ ਭੇਜ ਦਿੱਤਾ ਜਾਵੇ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿਠਅੰਕਣ ਨੰ: 4/27-SSA Plng/AWP&B 2010-11/55875-55894 ਮਿਤੀ: 01.09.2010

ਇਸ ਦਾ ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**